# ਸਰੀ ਕੌਂਸਲ ਨੇ ਨੌਰਥ ਸਰੀ ਰੀਕ੍ਰੀਏਸ਼ਨ ਸੈਂਟਰ ਦੀ ਪੁਰਾਣੀ ਇਮਾਰਤ ਢਾਹੁਣ ਨੂੰ ਦਿੱਤੀ ਮਨਜ਼ੂਰੀ

## ਸੈਂਟਰ ਬਲਾਕ ਦੇ ਵਿਕਾਸ ਲਈ ਹੋਇਆ ਰਾਹ ਪੱਧਰਾ

*ਤੁਰੰਤ ਰਿਲੀਜ਼: ਦਸੰਬਰ 19, 2024*

**ਸਰੀ, ਬੀ.ਸੀ.** - ਸੋਮਵਾਰ ਦੀ ਰੈਗੂਲਰ ਕੌਂਸਲ ਮੀਟਿੰਗ ਦੌਰਾਨ, ਸਰੀ ਕਾਉਂਸਿਲ ਨੇ ਸਾਬਕਾ ਨੌਰਥ ਸਰੀ ਰੀਕ੍ਰੀਏਸ਼ਨ ਸੈਂਟਰ ਨੂੰ ਢਾਹੁਣ ਲਈ $1.2M ਦੇ ਇਕਰਾਰਨਾਮੇ ਨੂੰ ਮਨਜ਼ੂਰੀ ਦਿੱਤੀ। ਇਸ ਨਾਲ ਸੈਂਟਰ ਬਲਾਕ ਦੇ ਦੁਬਾਰਾ ਵਿਕਾਸ ਲਈ ਰਾਹ ਤਿਆਰ ਹੋਵੇਗਾ, ਜਿਸ ਵਿੱਚ ਦੋ ਹਾਈਰਾਈਜ਼ ਵਪਾਰਕ ਟਾਵਰ, ਜ਼ਮੀਨੀ-ਪੱਧਰ ਤੇ ਰਿਟੇਲ ਯੂਨਿਟਸ ਅਤੇ ਡਾਊਨਟਾਊਨ ਸਿਟੀ ਸੈਂਟਰ ਦੇ ਦਿਲ ਵਿੱਚ ਇੱਕ ਆਕਰਸ਼ਿਤ ਪਲਾਜ਼ਾ ਸ਼ਾਮਲ ਹੈ।

ਮੇਅਰ ਬਰੈਂਡਾ ਲੌਕ ਨੇ ਕਿਹਾ, “ਸੈਂਟਰ ਬਲਾਕ ਦੀ ਮੁੜ ਉਸਾਰੀ ਸਿਰਫ਼ ਇੱਕ ਪ੍ਰੋਜੈਕਟ ਨਹੀਂ ਹੈ, ਬਲਕਿ ਇਹ ਨਵੀਨਤਾ ਤੇ ਆਰਥਿਕ ਵਿਕਾਸ ਨਾਲ ਭਰਭੂਰ ਕਮਿਊਨਿਟੀ ਲਈ ਇੱਕ ਅਹਿਮ ਥਾਂ ਹੋਵੇਗੀ। ਜਿਥੇ ਨਵੀਆਂ ਦਫ਼ਤਰੀ ਥਾਵਾਂ ਤੇ ਕਾਰੋਬਾਰਾਂ ਦੇ ਆਉਣ ਨਾਲ ਡਾਊਨਟਾਊਨ ਲੈਂਡਸਕੇਪ ਵਿੱਚ ਵਾਧਾ ਹੋਵੇਗਾ, ਉਥੇ ਆ ਰਿਹਾ ਜਨਤਕ ਪਲਾਜ਼ਾ ਭਾਈਚਾਰੇ ਵਿੱਚ ਸਾਂਝ ਵਧਾਉਣ ਦਾ ਪ੍ਰਤੀਕ ਬਣੇਗਾ। ਇਹ ਨਵੇਂ ਸਿਟੀ ਹਾਲ, ਲਾਇਬ੍ਰੇਰੀ ਅਤੇ ਸਿਵਿਕ ਪਲਾਜ਼ਾ ਦੀ ਹੱਦ ਵਿੱਚ ਵੱਡਾ ਨਿਵੇਸ਼, ਡਾਊਨਟਾਊਨ ਬਿਜ਼ਨਸ ਡਿਸਟ੍ਰਿਕਟ ਨੂੰ ਅੱਗੇ ਵਧਾਉਣ ਲਈ ਸਰੀ ਦੇ ਲੰਬੇ ਸਮੇਂ ਦੇ ਆਰਥਿਕ ਹਿੱਤਾਂ ਨੂੰ ਅੱਗੇ ਵਧਾਏਗਾ।"

ਇਸ ਇਲਾਕੇ ਦੀ ਸਭ ਤੋਂ ਵੱਢੀ ਟਰਾਂਜਿਟ ਹੱਬ ਦੇ ਨਾਲ, ਸਰੀ ਸਿਟੀ ਡਿਵੈਲਪਮੈਂਟ ਕਾਰਪੋਰੇਸ਼ਨ (SCDC) ਦੀ ਅਗਵਾਈ ਵਿੱਚ, ਕਈ ਮਹੱਤਵਪੂਰਨ ਦਫ਼ਤਰ ਅਤੇ ਸੰਸਥਾਵਾਂ ਦੇ ਕੰਪਲੈਕਸ ਇਥੇ ਬਣਨ ਲਈ ਤਿਆਰ ਹਨ ।

ਮੇਅਰ ਲੌਕ ਅਨੁਸਾਰ, " ਪੁਰਾਣੇ ਨੌਰਥ ਸਰੀ ਰੀਕ੍ਰੀਏਸ਼ਨ ਸੈਂਟਰ ਨੂੰ ਢਾਹੁਣਾ ਸਾਡੇ ਡਾਊਨਟਾਊਨ ਕੋਰ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਪ੍ਰਤੀਕ ਹੋਵੇਗਾ, ”। “ਅਸੀਂ ਇਸ ਪ੍ਰਸਤਾਵਿਤ ਢੋਆ -ਢੋਆਈ ਨੂੰ ਸੁਰੱਖਿਅਤ ਢੰਗ ਨਾਲ ਅਤੇ ਘੱਟੋ-ਘੱਟ ਰੁਕਾਵਟ ਦੇ ਨਾਲ ਪੂਰਾ ਕਰਨ ਲਈ ਵਚਨਬੱਧ ਹਾਂ । ਸੈਂਟਰ ਬਲਾਕ ਪ੍ਰੋਜੈਕਟ ਦੀ ਇਹ ਤਬਦੀਲੀ, ਸਾਡੇ ਦ੍ਰਿਸ਼ਟੀਕੋਣ ਦੀ ਕੁੰਜੀ ਹੈ, ਜੋ ਆਧੁਨਿਕ ਅਤੇ ਮਾਡਰਨ ਸੈਂਟਰ ਹੋਣ ਦੇ ਨਾਲ ਰੈਪਿਡ ਟਰਾਂਜਿਟ ਅਤੇ ਮੇਜ਼ਰ ਟਰਾਂਸਪੋਰਟ ਸੇਵਾਵਾਂ ਦੇ ਗੜ ਵਿੱਚ ਹੈ। ਬਲਕਿ ਇਸ ਨਾਲ ਸਰੀ ਦੇ ਸਿਟੀ ਸੈਂਟਰ ਇਲਾਕੇ ਦੇ ਦੂਜੇ ਡਾਊਨਟਾਊਨ ਕੋਰ ਦੀ ਸ਼ੁਰੂਆਤ ਹੋਵੇਗੀ ।”

10275 ਸਿਟੀ ਪਾਰਕਵੇਅ 'ਤੇ ਸਥਿਤ ਸਾਬਕਾ ਉੱਤਰੀ ਸਰੀ ਰੀਕ੍ਰੀਏਸ਼ਨ ਸੈਂਟਰ, ਦੀ ਢੋਆ -ਢੋਆਈ ਪੜਾਅਵਾਰ ਕਰ, ਗਰਮੀਆਂ 2025 ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਸਾਈਟ ਦੀ ਸਕਾਈ ਟਰੇਨ ਲਾਈਨ ਅਤੇ ਸਰੀ ਸੈਂਟਰਲ ਬੱਸ ਲੂਪ

ਨਾਲ ਨੇੜਤਾ ਨੂੰ ਦੇਖਦੇ ਹੋਏ, ਇਮਾਰਤ ਦੇ ਉੱਤਰ ਵਾਲੇ ਪਾਸੇ ਅਰੇਨਾ 1 ਨੂੰ ਪਹਿਲਾਂ ਢਾਹ ਦਿੱਤਾ ਜਾਵੇਗਾ, ਅਤੇ ਅਰੇਨਾ 2 ਅਤੇ ਪੂਲ ਇਸ ਤੋਂ ਬਾਅਦ ਢਾਏ ਜਾਣਗੇ। ਪ੍ਰੋਜੈਕਟ ਸੁਰੱਖਿਆ ਅਤੇ ਵਾਤਾਵਰਣ ਦੀ ਪਾਲਣਾ ਨੂੰ ਤਰਜੀਹ ਦੇਵੇਗਾ, ਜਿਸ ਵਿੱਚ ਖ਼ਤਰਨਾਕ ਸਮੱਗਰੀਆਂ ਨੂੰ ਧਿਆਨ ਨਾਲ ਹਟਾਉਣਾ ਸ਼ਾਮਲ ਹੈ। ਅਸੁਵਿਧਾ ਅਤੇ ਵਿਘਨ ਨੂੰ ਘਟਾਉਣ ਲਈ ਟ੍ਰੈਫਿਕ ਕੰਟਰੋਲ ਉਪਾਅ ਅਤੇ ਢੁਕਵੀਂ ਸਮਾਂ-ਸਾਰਣੀ ਲਾਗੂ ਕੀਤੀ ਜਾਵੇਗੀ।

2024 ਕਾਰਪੋਰੇਟ ਕੈਪੀਟਲ ਬਜਟ ਵਿੱਚ ਇਸਨੂੰ ਢਾਹੁਣ ਦੇ ਕਾਂਟਰੈਕਟ ਲਈ ਫੰਡਿੰਗ ਮਨਜ਼ੂਰੀ ਉਪਲੱਬਧ ਹੈ।

-30-

**ਮੀਡੀਆ ਇਨਕੁਆਰੀ :**

ਪ੍ਰਭਜੋਤ ਕਾਹਲੋਂ
ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ
ਸਿਟੀ ਆਫ ਸਰੀ
prabhjot.kahlon@surrey.ca
C :236-878-6263